Off: 01882-220322, 220974
E mail : eomchsp@gmail.com
Web : www.mchoshiarpur.in

OFFICE OF THE
# MUNICIPAL CORPORATION, HOSHIARPUR.
# ਦਫਤਰ ਨਗਰ ਨਿਗਮ, ਹੁਸ਼ਿਆਰਪੁਰ।

Ref No : 1079 Dated: 14.03.2022

## ਪਬਲਿਕ ਨੋਟਿਸ
**(ਸਫਾਈ ਸੇਵਕ ਅਤੇ ਸੀਵਰਮੈਨਾਂ ਦੀ ਠੇਕੇ ਤੇ ਭਰਤੀ ਸਬੰਧੀ)**

ਨਗਰ ਨਿਗਮ, ਹੁਸ਼ਿਆਰਪੁਰ ਵਲੋਂ ਸਫਾਈ ਸੇਵਕਾਂ ਦੀਆਂ 151 ਅਸਾਮੀਆਂ ਅਤੇ ਸੀਵਰਮੈਨਾਂ ਦੀਆਂ 40 ਅਸਾਮੀਆਂ ਤੇ ਠੇਕੇ ਦੇ ਆਧਾਰ ਤੇ ਭਰਤੀ ਸਬੰਧੀ ਨਿਰਧਾਰਿਤ ਸ਼ਰਤਾਂ/ਯੋਗਤਾਵਾਂ ਦੇ ਆਧਾਰ ਤੇ ਸਫਾਈ ਸੇਵਕ ਅਤੇ ਸੀਵਰਮੈਨ ਦੀ ਅਸਾਮੀ ਲਈ ਮੈਰਿਟ ਸੂਚੀਆਂ ਦੀ ਪ੍ਰਕਾਸ਼ਨਾਂ ਇਸ ਦਫਤਰ ਦੇ ਪਬਲਿਕ ਨੋਟਿਸ ਨੰਬਰ 79 ਮਿਤੀ 07.01.2022 ਰਾਹੀਂ ਨਗਰ ਨਿਗਮ ਦੀ ਵੈਬ ਸਾਇਟ www.mchoshiarpur.in ਅਤੇ ਦਫਤਰ ਦੇ ਨੋਟਿਸ ਬੋਰਡ ਤੇ ਕਰਦੇ ਹੋਏ ਮਿਤੀ 10.01.2022 ਅਤੇ ਮਿਤੀ 11.01.2022 ਨੂੰ ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਕਾਂਉਸਲਿੰਗ ਰੱਖੀ ਗਈ ਸੀ। ਮਾਨਯੋਗ ਚੋਣ ਕਮਿਸ਼ਨ ਵਲੋਂ ਪੰਜਾਬ ਰਾਜ ਵਿੱਚ ਵਿਧਾਨ ਸਭਾ ਚੋਣਾ ਸਬੰਧੀ ਚੋਣ ਜਾਬਤਾ ਲਾਗੂ ਹੋਣ ਕਾਰਣ ਇਸ ਦਫਤਰ ਦੇ ਨੋਟਿਸ ਨੰਬਰ 93 ਮਿਤੀ 08.01.2022 ਰਾਹੀਂ ਉਕੱਤ ਕਾਂਉਸਲਿੰਗ ਚੋਣ ਜਾਬਤਾਂ ਲਾਗੂ ਰਹਿਣ ਤੱਕ ਮੁਲਤਵੀਂ ਕਰ ਦਿੱਤਾ ਗਿਆ ਸੀ।

ਮਿਤੀ 18.03.2021 ਨੂੰ ਹੋਲੀ ਦਾ ਤਿਉਹਾਰ ਹੋਣ ਕਾਰਣ ਗਜ਼ਟਿਡ ਛੁੱਟੀ ਹੈ। ਇਸ ਲਈ ਸਫਾਈ ਸੇਵਕ ਅਤੇ ਸੀਵਰਮੈਨ ਦੀ ਅਸਾਮੀ ਲਈ ਉਕੱਤ ਅਨੁਸਾਰ ਪ੍ਰਕਾਸ਼ਿਤ ਕੀਤੀਆ ਹੋਈਆ ਮੈਰਿਟ ਸੂਚੀਆਂ ਵਿੱਚ ਦਰਜ ਸਬੰਧਤ ਉਮੀਦਵਾਰਾਂ ਦੀ ਯੋਗਤਾ ਸਬੰਧੀ ਦਸਤਾਵੇਜ਼ ਚੈਕ ਕਰਨ ਲਈ ਇਸ ਨਗਰ ਨਿਗਮ ਵਲੋ ਮਿਤੀ 21.03.2022 ਤੋਂ ਹੇਠ ਲਿਖੀ ਸਮੇਂ ਸਾਰਣੀ ਅਨੁਸਾਰ ਦਫਤਰ ਨਗਰ ਨਿਗਮ, ਹੁਸ਼ਿਆਰਪੁਰ, ਸਵਾਮੀ ਵਿਵੇਕਾਨੰਦ ਭਵਨ, ਨੇੜੇ ਧੋਬੀਘਾਟ, ਹੁਸ਼ਿਆਰਪੁਰ ਵਿਖੇ ਕਮਰਾ ਨੰ: 17 ਵਿਖੇ ਕਾਂਉਸਲਿੰਗ ਰੱਖੀ ਗਈ ਹੈ। ਇਸ ਲਈ ਸਬੰਧਤ ਉਮੀਦਵਾਰ ਆਪਣੀ ਯੋਗਤਾ ਦੇ ਅਸਲ ਦਸਤਾਵੇਜ਼ ਜਿਵੇਂ ਕਿ ਜਨਮ ਮਿਤੀ/ਉਮਰ ਦੇ ਸਬੂਤ ਦੇ ਦਸਤਾਵੇਜ, ਵਿਦਿਅੱਕ ਯੋਗਤਾ ਦੇ ਸਰਟੀਫਿਕੇਟ, ਵਰਗ(ਕੈਟਾਗਰੀ) ਦਾ ਸਰਟੀਫਿਕੇਟ, ਪੰਜਾਬ ਦਾ ਵਸਨੀਕ ਹੋਣ ਦਾ ਸਬੂਤ, ਤਜਰਬਾ ਸਰਟੀਫਿਕੇਟ, ਦੋ ਪਾਸਪੋਰਟ ਸਾਇਜ ਫੋਟੋ, ਫੋਜਦਾਰੀ ਕੇਸ ਨਾ ਚੱਲਣ ਦਾ ਸਵੈ-ਘੋਸ਼ਣਾ ਪੱਤਰ ਆਦਿ ਲੈ ਕੇ ਸਮੇਂ ਸਾਰਣੀ ਵਿੱਚ ਦਰਸਾਈਆਂ ਮਿਤੀਆਂ ਨੂੰ ਸਵੇਰੇ 9:00 ਵਜੇ ਤੋਂ ਸ਼ਾਮ 4:00 ਵਜੇ ਤੱਕ ਕਾਂਉਸਲਿੰਗ ਲਈ ਹਾਜਰ ਆਉਣਾ ਯਕੀਨੀ ਬਨਾਉਣ।

| ਲੜੀ ਨੰ: | ਮਿਤੀ | ਸਫਾਈ ਸੇਵਕ ਦੀ ਅਸਾਮੀ ਲਈ ਮੈਰਿਟ ਸੂਚੀ ਦਾ ਲੜੀ ਨੰਬਰ ਜਿਨ੍ਹਾਂ ਦੀ ਕਾਂਉਸਲਿੰਗ ਕੀਤੀ ਜਾਵੇਗੀ। | ਸੀਵਰਮੈਨ ਦੀ ਅਸਾਮੀ ਲਈ ਮੈਰਿਟ ਸੂਚੀ ਦਾ ਲੜੀ ਨੰਬਰ ਜਿਨ੍ਹਾਂ ਦੀ ਕਾਂਉਸਲਿੰਗ ਕੀਤੀ ਜਾਵੇਗੀ। |
|---|---|---|---|
| 1) | 21.03.2022 | 1 ਤੋਂ 100 | - |
| 2) | 22.03.2022 | 101 ਤੋਂ 200 | - |
| 3) | 23.03.2022 | 201 ਤੋਂ 300 | - |
| 4) | 24.03.2022 | 301 ਤੋਂ 400 | - |
| 5) | 25.03.2022 | 401 ਤੋਂ 450 | 1 ਤੋਂ 50 |
| 6) | 26.03.2022 | - | 51 ਤੋਂ 150 |

ਨੋਟ:-

1) ਸਫਾਈ ਸੇਵਕ/ਸੀਵਰਮੈਨਾਂ ਦੀ ਅਸਾਮੀ ਦੇ ਉਮੀਦਵਾਰ ਜਿਨ੍ਹਾਂ ਦੀ ਕਾਂਉਸਲਿੰਗ ਕੀਤੀ ਜਾਂਣੀ ਹੈ, ਉਨ੍ਹਾਂ ਦੀਆਂ ਮੈਰਿਟ ਸੂਚੀਆਂ ਇਸ ਦਫਤਰ ਦੀ ਵੈਬਸਾਇਟ www.mchoshiarpur.in ਤੇ ਅਪਲੋਡ ਕਰ ਦਿੱਤੀਆਂ ਗਈਆ ਹਨ। ਸਿਰਫ ਇਨ੍ਹਾਂ ਸੂਚੀਆਂ ਵਿੱਚ ਸ਼ਾਮਲ ਉਮੀਦਵਾਰਾਂ ਨੇ ਹੀ ਕਾਂਉਸਲਿੰਗ ਵਿੱਚ ਸ਼ਾਮਲ ਹੋਣਾ ਹੈ। ਉਮੀਦਵਾਰ ਸੂਚੀ ਵਿੱਚ ਆਪਣਾ ਲੜੀ ਨੰਬਰ ਚੈਕ ਕਰਕੇ ਉਕੱਤ ਦਰਸਾਈ ਸਮੇਂ ਸਾਰਣੀ ਅਨੁਸਾਰ ਕਾਂਉਸਲਿੰਗ ਲਈ ਹਾਜਰ ਹੋਣਗੇ।

2) ਜੇਕਰ ਉਕੱਤ ਉਮੀਦਵਾਰਾਂ ਵਿਚੋਂ ਸਿਲੈਕਸ਼ਨ ਉਪਰੰਤ ਕੋਈ ਅਸਾਮੀ ਭਰਨ ਯੋਗ ਰਹਿੰਦੀ ਹੈ ਤਾਂ ਅਗਲੇ ਉਮੀਦਵਾਰਾਂ ਦੀ ਲੋੜ ਅਨੁਸਾਰ ਕਾਂਉਸਲਿੰਗ ਕੀਤੀ ਜਾਵੇਗੀ, ਜਿਸ ਦੀ ਸੂਚਨਾਂ ਨਗਰ ਨਿਗਮ ਦੀ ਵੈਬਸਾਇਟ ਤੇ ਅਪਲੋਡ ਕੀਤੀ ਜਾਵੇਗੀ।

3) ਉਮੀਦਵਾਰ ਨੂੰ ਕਾਂਉਸਲਿੰਗ ਵਿੱਚ ਹਾਜਰ ਆਉਣ ਲਈ ਕੋਈ ਟੀ.ਏ./ਡੀ.ਏ. ਨਹੀ ਦਿੱਤਾ ਜਾਵੇਗਾ।

4) ਕੋਵਿਡ-19 ਦੇ ਮੱਦੇ ਨਜ਼ਰ ਕਾਂਉਸਲਿੰਗ ਲਈ ਹਾਜਰ ਹੋਣ ਸਮੇਂ ਉਮੀਦਵਾਰ ਮਾਸਕ ਲਗਾ ਕੇ ਆਉਣ ਅਤੇ ਸ਼ੋਸ਼ਲ ਡਿਸਟੈਂਸਿੰਗ ਸਬੰਧੀ ਹਦਾਇਤਾਂ ਦੀ ਪਾਲਣਾ ਕਰਨ ਯਕੀਨੀ ਬਨਾਉਣ।

5) ਉਮੀਦਵਾਰ ਆਪਣੇ ਅਸਲ ਦਸਤਾਵੇਜ਼ਾਂ ਨਾਲ ਉਨ੍ਹਾਂ ਦੀਆਂ ਸਵੈ-ਤਸਦੀਕ ਫੋਟੋਕਾਪੀਆਂ ਵੀ ਕਾਉਂਸਲਿੰਗ ਸਮੇਂ ਪੇਸ਼ ਕਰਨਗੇ।

6) ਤਜਰਬਾ ਸਰਟੀਫਿਕੇਟ ਸ਼ਹਿਰੀ ਸਥਾਨਕ ਸੰਸਥਾਂ(ਸਥਾਨਕ ਸਰਕਾਰ ਵਿਭਾਗ) ਵਲੋਂ ਜਾਰੀ ਹੋਇਆ ਹੋਣਾ ਚਾਹੀਦਾ ਹੈ ਅਤੇ ਜੇਕਰ ਕਿਸੇ ਆਉਟਸੋਰਸ ਏਜੰਸੀ ਵਲੋਂ ਜਾਰੀ ਕੀਤਾ ਗਿਆ ਹੈ ਤਾਂ ਸਬੰਧਤ ਸ਼ਹਿਰੀ ਸਥਾਨਕ ਸੰਸਥਾਂ ਦੇ ਸਮਰਥ ਅਧਿਕਾਰੀ ਵਲੋਂ ਵੈਰੀਫਾਈ ਕੀਤਾ ਹੋਇਆ ਪੇਸ਼ ਕੀਤਾ ਜਾਵੇ।

7) ਉਕੱਤ ਕਾਂਉਸਲਿੰਗ ਸਬੰਧੀ ਕੋਈ ਹੋਰ ਜਾਣਕਾਰੀ ਇਸ ਨਗਰ ਨਿਗਮ ਦੇ ਸਪਰੰਕ ਨੰ: 01882-244022 ਤੇ ਕਿਸੇ ਵੀ ਕੰਮ ਵਾਲੇ ਦਿਨ ਪ੍ਰਾਪਤ ਕੀਤੀ ਜਾ ਸਕਦੀ ਹੈ।

-ਸਹੀ-
ਕਮਿਸ਼ਨਰ,
ਨਗਰ ਨਿਗਮ, ਹੁਸ਼ਿਆਰਪੁਰ।

| ਉਮੀਦਵਾਰ ਦੇ ਸਰਟੀਫਿਕੇਟ/ਦਸਤਾਵੇਜ਼ ਦੀ ਚੈਕ ਲਿਸਟ | |
|---|---|
| 1 | ਆਨ ਲਾਇਨ ਅਪਲਾਈ ਦੇ ਪ੍ਰਿੰਟ ਦਾ ਕਾਪੀ |
| 2 | ਦੋ ਪਾਸਪੋਰਟ ਸਾਇਜ ਫੋਟੋ |
| 3 | ਜਨਮ ਮਿਤੀ/ਉਮਰ ਦੇ ਸਬੂਤ ਦੇ ਦਸਤਾਵੇਜ਼ |
| 4 | ਵਿਦਿਅੱਕ ਯੋਗਤਾ ਦੇ ਸਰਟੀਫਿਕੇਟ |
| 5 | ਵਰਗ(ਕੈਟਾਗਰੀ) ਦਾ ਰਾਖਵਾਂਕਰਨ ਸਰਟੀਫਿਕੇਟ |
| 6 | ਪੰਜਾਬ ਦਾ ਵਸਨੀਕ ਹੋਣ ਦਾ ਸਰਟੀਫਿਕੇਟ |
| 7 | ਤਜਰਬਾ ਸਰਟੀਫਿਕੇਟ (ਅਸਲ) |
| 8 | ਫੋਜਦਾਰੀ ਕੇਸ ਨਾ ਚੱਲਣ ਦਾ ਸਵੈ-ਘੋਸ਼ਣਾ ਪੱਤਰ |
| ਨੋਟ:- | ਉਮੀਦਵਾਰ ਉਕੱਤ ਅਸਲ ਸਰਟੀਫਿਕੇਟ/ਦਸਤਾਵੇਜਾਂ ਦੇ ਨਾਲ ਲੜੀ ਨੰ:3,4,5,6 ਦੀਆਂ ਤਸਦੀਕਸ਼ੁਦਾ ਕਾਪੀਆਂ ਵੀ ਪੇਸ਼ ਕਰਨਗੇ। |